# ਸਰੀ ਪਬਲਿਕ ਲਾਇਬਰੇਰੀ ਦੇ ਸਟਾਫ ਦਵਾਰਾ, ਸਟੱਡੀ ਲਈ ਬਣਾਏ ਗਏ, ਪ੍ਰਸ਼ਨ ਅਤੇ ਉੱਤਰ

## ਸੈਕਸ਼ਨ ੧: ਕੈਨੇਡਾ ਸੰਬੰਧੀ ਪ੍ਰਸ਼ਨ (ਉੱਤਰਾਂ ਸਮੇਤ)

### ਐਬਓਰਿਜਿਨਲ ਲੋਕ

੧. ਕੈਨੇਡਾ ਦੇ ਐਬਓਰਿਜਿਨਲ ਲੋਕ ਕੌਣ ਹਨ?
*ਉੱਤਰ: ਕੈਨੇਡਾ ਦੇ ਆਦੀ ਵਾਸੀ ।*

੨. ਐਬਓਰਿਜਿਨਲ ਲੋਕਾਂ ਦੇ ਤਿੰਨ ਮੁੱਖ ਗਰੁੱਪ ਕਿਹੜੇ ਹਨ?
*ਉੱਤਰ: ਫ਼ੁਰਸਟ ਨੇਸ਼ਨਜ਼, ਇਨੂਇਟ, ਮੇਟੀਜ਼ ।*

੩. ਮੇਟੀਜ਼ ਕਿੱਥੋਂ ਬਣੇ?
*ਉੱਤਰ: ਖੱਲਾਂ ਦਾ ਵਪਾਰ ਕਰਨ ਵਾਲੇ ਉਨ੍ਹਾਂ ਫਰੈਂਚ ਅਤੇ ਅੰਗ੍ਰੇਜ਼ਾਂ ਤੋਂ, ਜਿਨ੍ਹਾਂ ਨੇ ਫ਼ੁਰਸਟ ਨੇਸ਼ਨਜ਼ ਦੀਆਂ ਇਸਤਰੀਆਂ ਨਾਲ ਸ਼ਾਦੀ ਕੀਤੀ ।*

੪. ਨਾਰਥਵੈਸਟ ਟੇਰਿਟੋਰੀਜ਼ ਅਤੇ ਨੂਨਾਵੱਟ ਵਿਚ ਐਬਓਰਿਜਿਨਲ ਲੋਕਾਂ ਦੀ ਕਿਸ ਨਸਲ ਦੀ ਅਬਾਦੀ ਅੱਧ ਤੋਂ ਜ਼ਿਆਦਾ ਹੈ?
*ਉੱਤਰ: ਇਨੂਇਟ ।*

੫. ਐਬਓਰਿਜਿਨਲ ਲੋਕ ਸਵਰਾਜ ਕਿਓਂ ਚਾਹੁੰਦੇ ਹਨ?
*ਉੱਤਰ: ਅਪਣੀ ਵਿਲੱਖਣ ਸੱਭਿਅਤਾ ਅਤੇ ਭਾਸ਼ਾ ਨੂੰ ਜਿਉਂਦਾ ਰੱਖਣ ਲਈ ਅਤੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਤ ਕਰਨ ਵਾਲੇ ਫੈਸਲਿਆਂ ਉੱਪਰ ਕਾਬੂ ਰੱਖਣ ਲਈ।*

### ਇਤਹਾਸ:

੧. ਕੈਨੇਡਾ ਵਿਚ ਵੱਸਣ ਲਈ ਯੂਰਪ ਤੋਂ ਸੱਭ ਤੋਂ ਪਹਿਲਾਂ ਲੋਕ ਕਿਥੋਂ ਆਏ?
*ਉੱਤਰ: ਫਰੈਂਸ*

੨. ਸੱਭ ਤੋਂ ਪਹਿਲੇ ਖੋਜੀ ਐਟਲਾਂਟਿਕ ਕੈਨੇਡਾ ਵਿਚ ਕਿਓਂ ਆਏ?
*ਉੱਤਰ: ਆਦੀ ਵਾਸੀਆਂ ਨਾਲ ਵਪਾਰ ਕਰਨ ਅਤੇ ਮੱਛੀਆਂ ਫੜਨ ਲਈ ।*

੩. ਕਿਹੜੀਆਂ ਤਿੰਨ ਸੰਨਤਾਂ ਸਨ ਜਿਨ੍ਹਾਂ ਦੀ ਸਹਾਇਤਾ ਕਾਰਨ, ਸ਼ੁਰੂ ਵਿਚ ਆਉਣ ਵਾਲੇ ਪ੍ਰਵਾਸੀ ਅਟਲਾਂਟਿਕ ਖੇਤਰ ਵਿਚ ਜਾ ਵੱਸੇ?
*ਉੱਤਰ: ਖੇਤੀਬਾੜੀ, ਮੱਛੀ ਫੜਨਾ, ਸਮੁੰਦਰੀ ਜਹਾਜ਼ ਬਨਾਉਣਾ।*

੪. ਯੂਨਾਈਟਿਡ ਇਮਪਾਈਰ ਲੋਇਲਇਸਟਸ ਦੇ ਵਫਾਦਾਰ ਕੌਣ ਸਨ?
*ਉੱਤਰ: ਯੂਨਾਈਟਿਡ ਸਟੇਟਸਾਂ ਦੇ ਐਟਲਾਂਟਿਕ ਹਲਕੇ ਵਿਚੋਂ ਆਉਣ ਵਾਲੇ ਬਰਤਾਨਵੀ, ਜੋ ਕਿ ਇੰਗਲੈਂਡ ਦੇ ਵਫਾਦਾਰ ਸਨ ।*

੫. ਸੱਭ ਤੋਂ ਪਹਿਲਾਂ ਆਉਣ ਵਾਲੇ ਫਰਾਂਸਿਸੀਆਂ ਨੇ ਸੈਂਟ ਲਾਰੈਂਸ ਦਰਿਆ ਤੇ ਆਪਣੀਆਂ ਕਮਿਊਨਿਟੀਆਂ ਕਦੋਂ ਬਣਾਈਆਂ ਸਨ?
*ਉੱਤਰ: ਸਨ ੧੬੦੦ ਦੇ ਮੁੱਢ ਵਿਚ ।*

੬. ਕਿਹੜਾ ਵਪਾਰ ਫੈਲਕੇ ੩੦੦ ਸਾਲਾਂ ਵਿਚ ਕੈਨੇਡਾ ਦੇ ਵਿੱਤ ਲਈ ਬਹੁਤ ਮਹੱਤਵਪੂਰਨ ਬਣ ਗਿਆ ਹੈ?
*ਉੱਤਰ: ਖੱਲਾਂ ਦਾ ਵਪਾਰ ।*

੭. ਖੱਲਾਂ ਦੇ ਵਪਾਰੀਆਂ ਅਤੇ ਆਦੀ ਵਾਸੀਆਂ ਨੇ ਉੱਤਰੀ ਅਮਰੀਕਾ ਵਿਚ ਵਪਾਰ ਦਾ ਜਾਲ ਵਿਛਾਉਣ ਲਈ ਆਵਾ- ਜਾਈ ਲਈ ਕਿਸ ਸਾਧਨ ਦੀ ਵਰਤੋਂ ਕੀਤੀ?
*ਉੱਤਰ: ਮਹਾਨ ਝੀਲਾਂ ਵਿਚ ਆਵਾ ਜਾਈ ਲਈ ਕਿਸ਼ਤੀਆਂ ਦੀ ਵਰਤੋਂ ਕੀਤੀ ।*

੮. ਹਡਸਨ ਬੇਅ ਕੰਪਣੀ ਦੇ ਹੱਥਾਂ ਵਿਚ ਕਿਹੜਾ ਮਹੱਤਵਪੂਰਨ ਵਪਾਰ ਸੀ?
*ਉੱਤਰ: ਖੱਲਾਂ ਦਾ ।*

੯. ਸਰਕਾਰ ਨੇ ਪ੍ਰਵਾਸ ਨੂੰ ਪੱਛਮੀ ਕੈਨਿਡਾ ਵਾਲੇ ਪਾਸੇ ਬਹੁਤ ਸੌਖਾ ਬਨਾਉਣ ਲਈ ਕੀ ਕੀਤਾ?
*ਉੱਤਰ: ਪ੍ਰੇਰੀਜ਼ ਤੋਂ ਪੈਸਿਫਿਕ ਦੇ ਕਿਨਾਰੇ ਤੱਕ ਰੇਲ ਵਿਛਾ ਦਿਤੀ ।*

## ਕਨਫੈਡਰੇਸ਼ਨ/ ਸਰਕਾਰ

੧. ਕਨਫੈਡਰੇਸ਼ਨ ਦਾ ਕੀ ਮਤਲਬ ਹੈ?
*ਉੱਤਰ: ਕਈ ਸੂਬੇ ਇਕੱਠੇ ਕਰਕੇ ਇਕ ਦੇਸ਼ ਬਨਾਉਣਾ ।*

੨. ਕੈਨੇਡਾ ਦਾ ਸੰਵਿਧਾਨ ਕੀ ਹੈ?
*ਉੱਤਰ: ਕਾਨੂੰਨ ਅਤੇ ਰਿਤੀ ਰਿਵਾਜਾਂ ਦਾ ਇਕ ਸਿਲਸਿਲਾ ਜਿਸ ਰਾਹੀਂ ਦੇਸ਼ ਆਪਣਾ ਸੰਚਾਲਣ ਕਰਦਾ ਹੈ ।*

੩. ਕੈਨੇਡਾ ਕਿਸ ਸਾਲ ਹੋਂਦ ਵਿਚ ਆਇਆ?
*ਉੱਤਰ: ੧੮੬੭ ਵਿਚ ।*

੪. ਬਰਿਟਿਸ਼ ਨਾਰਥ ਅਮਰੀਕਾ ਐਕਟ ਕਦੋਂ ਲਾਗੂ ਹੋਇਆ?
*ਉੱਤਰ: ਜੁਲਾਈ ੧੮੬੭ ਵਿਚ*

੫. ਕੈਨੇਡੀਅਨ ਇਤਹਾਸ ਵਿਚ ਬਰਿਟਿਸ਼ ਨਾਰਥ ਅਮਰੀਕਾ ਐਕਟ ਦੀ ਕੀ ਮਹੱਤਤਾ ਹੈ?
*ਉੱਤਰ : ਇਸ ਐਕਟ ਨਾਲ 'ਕੈਨੇਡਾ' ਦੇਸ਼ ਹੋਂਦ ਵਿਚ ਆਇਆ।*

੬. ਕਿਹੜੇ ਚਾਰ ਸੂਬਿਆਂ ਨੇ ਮਿਲਕੇ ਕਨਫੈਡਰੇਸ਼ਨ ਬਣਾਈ?
*ਉੱਤਰ: ਓਂਟੇਰੀਓ, ਕਿਊਬੈਕ, ਨਿਊ ਬ੍ਰਨਜ਼ਵਿਕ ਅਤੇ ਨੋਵਾ ਸਕੋਸ਼ੀਆ ।*

੭. ਕੈਨੇਡਾ ਵਿਚ ਸ਼ਾਮਿਲ ਹੋਣ ਵਾਲਾ ਆਖਰੀ ਸੂਬਾ ਕਿਹੜਾ ਸੀ?
*ਉੱਤਰ: ਨਿਊਫੰਡਲੈਂਡ ।*

੮. ਕੈਨੇਡਾ ਡੇਅ ਕਦੋਂ ਹੁੰਦਾ ਹੈ ਅਤੇ ਇਸ ਦਿਨ ਕੀ ਮਨਾਇਆ ਜਾਂਦਾ ਹੈ?
*ਉੱਤਰ: ਜੁਲਾਈ ੦੧, ਇਸ ਦਿਨ ਚਾਰ ਸੂਬਿਆਂ ਦੇ ਸੰਗਠਨ ਨੂੰ ਮਨਾਇਆ ਜਾਂਦਾ ਹੈ ਜਿਸ ਨੇ ਕੈਨੇਡਾ ਦੇਸ਼ ਨੂੰ ਹੋਂਦ ਵਿਚ ਲਿਆਂਦਾ ਸੀ।*

੯. ਕੈਨੇਡਾ ਦਾ ਪਹਿਲਾ ਪ੍ਰਾਈਮਨਿਸਟਰ ਕੌਣ ਸੀ?
*ਉੱਤਰ: ਸਰ ਜਾਨ ਏ. ਮੈਕਡਾਨਲਡ।*

੧੦. ਕੈਨੇਡਾ ਦੇ ਇਤਹਾਸ ਵਿਚ ਸੰਵਿਧਾਨਕ ਐਕਟ ੧੯੮੨ ਕਿਓਂ ਮਹੱਤਵਪੂਰਨ ਹੈ?
*ਉੱਤਰ: ਇਸ ਐਕਟ ਕਾਰਨ, ਅਸੀਂ ਬਿਨਾ ਬਰਤਾਵੀ ਸਰਕਾਰ ਤੋਂ ਇਜਾਜ਼ਤ ਮੰਗਿਆਂ, ਸੰਵਿਧਾਨ ਵਿਚ ਸੋਧ ਕਰਨ ਸਕਦੇ ਹਾਂ ।*

## ਹੱਕ ਅਤੇ ਜ਼ੁਮੇਵਾਰੀਆਂ

੧. ਸੰਵਿਧਾਨ ਦਾ ਕਿਹੜਾ ਹਿੱਸਾ, ਕਾਨੂੰਨੀ ਤੌਰ ਤੇ ਕੈਨੇਡਾ ਦੇ ਨਾਗਰਿਕਾਂ ਦੇ ਮੁਢਲੇ ਹੱਕਾਂ ਅਤੇ ਅਜ਼ਾਦੀ ਦੀ ਰੱਖਿਆ ਕਰਦਾ ਹੈ?
*ਉੱਤਰ: ਚਾਰਟਰ ਆੱਫ ਰਾਈਟਸ ਐਂਡ ਫਰੀਡਮ।*

੨. ਕੈਨੇਡੀਅਨ ਚਾਰਟਰ ਆੱਫ ਰਾਈਟਸ ਐਂਡ ਫਰੀਡਮ ਕਿਹੜੇ ਸਾਲ ਕੈਨੇਡੀਅਨ ਸੰਵੀਧਾਨ ਦਾ ਹਿੱਸਾ ਬਣਿਆ?
*ਉੱਤਰ: ੧੯੮੨ ਵਿਚ*

੩. ਚਾਰਟਰ ਆੱਫ ਰਾਈਟਸ ਐਂਡ ਫਰੀਡਮ ਜਿਨ੍ਹਾਂ ਦੋ ਮੁਢਲੀਆਂ ਅਜ਼ਾਦੀਆਂ ਦੀ ਰੱਖਿਆ ਕਰਦਾ ਹੈ ਉਨ੍ਹਾਂ ਦੇ ਨਾਓਂ ਦੱਸੋ?
*ਉੱਤਰ: ਧਰਮ, ਵਿਚਾਰ, ਯਕੀਨ, ਰਾਏ ਜਾਂ ਆਪਣੇ ਵਿਚਾਰ ਦਰਸਾਉਣਾ ।*

੪. ਓਹ ਤਿੰਨ ਕਾਨੂੰਨੀ ਹੱਕ ਦੱਸੋ ਜੋ ਕਿ ਚਾਰਟਰ ਆੱਫ ਰਾਈਟਸ ਐਂਡ ਫਰੀਡਮ ਰਾਹੀਂ ਬਚਾਏ ਜਾਂਦੇ ਹਨ?
*ਉੱਤਰ: ੧. ਜਿਉਣ ਦਾ ਹੱਕ, ੨. ਅਜ਼ਾਦੀ ਦਾ ਹੱਕ, ੩. ਨਿਜੀ ਸੁਰੱਖਿਆ ਦਾ ਹੱਕ।*

੫. ਅਜਿਹੇ ੩ ਤਰੀਕੇ ਦੱਸੋ ਜਿਨ੍ਹਾਂ ਨਾਲ ਅਸੀਂ ਵਾਤਾਵਰਣ ਦੀ ਰੱਖਿਆ ਕਰ ਸਕਦੇ ਹਾਂ?
*ਉੱਤਰ: ੧. ਬੇਕਾਰ ਕਾਗ਼ਜ਼ ਜਾਂ ਕੂੜਾ ਕਦੀ ਵੀ ਗਲੀ ਵਿਚ ਨਾ ਸੁੱਟੋ. ੨. ਕਾਗ਼ਜ਼, ਡੱਬਿਆਂ ਅਤੇ ਹੋਰ ਵਸਤਾਂ ਨੂੰ ਮੁੜਵਰਤੋਂ ਵਿਚ ਲਿਆਓ। ੩. ਤੁਰ ਕੇ ਜਾਓ, ਸਾਈਕਲ ਤੇ ਜਾਓ ਜਾਂ ਪਬਲਿਕ ਪਰਿਵਹਨ ਦੀ ਵਰਤੋਂ ਕਰੋ ।*

੬. ਕੈਨੇਡੀਅਨ ਪਾਸਪੋਰਟ ਲਈ ਅਰਜ਼ੀ ਕੌਣ ਦੇ ਸਕਦਾ ਹੈ?
*ਉੱਤਰ: ਕੈਨੇਡੀਅਨ ਸਿਟੀਜ਼ਨ ।*

੭. "ਕਾਨੂੰਨ ਸਾਮ੍ਹਣੇ ਸੱਭ ਬਰਾਬਰ ਹਨ" ਦਾ ਕੀ ਮਤਲਬ ਹੈ?
*ਉੱਤਰ: ਹਰ ਇਕ ਨੂੰ ਰੱਖਿਆ,ਅਤੇ ਪੁਲਿਸ ਅਤੇ ਕੋਰਟ ਦੀਆਂ ਸੇਵਾਵਾਂ ਲੈਣ ਦਾ ਇਕੋ ਜਿਹਾ ਹੱਕ ਹੈ ।*

੮. ਕੈਨੇਡੀਅਨ ਸਿਟੀਜ਼ਨ ਦੀਆਂ ੬ ਜ਼ਿਮੇਵਾਰੀਆਂ ਦੱਸੋ?
*ਉੱਤਰ: ੧. ਇਲੈਕਸ਼ਨ ਸਮੇਂ ਵੋਟ ਪਾਓ. ੨. ਕੈਨੇਡਾ ਦੇ ਕਾਨੂੰਨ ਦੀ ਪਾਲਣਾ ਕਰੋ ੩. ਦੂਜਿਆਂ ਦੇ ਹੱਕ ਦਾ ਆਦਰ ਕਰੋ. ੪. ਨਿਜੀ ਅਤੇ ਸਰਕਾਰੀ ਜਾਇਦਾਦ ਦੀ ਰੱਖਿਆ ਕਰੋ. ੫. ਕੈਨੇਡਾ ਦੇ ਵਿਰਸੇ ਨੂੰ ਸਾਂਭੋ. ੬. ਕਮਿਊਨਿਟੀ ਵਿਚ ਭਾਗ ਲਵੋ ।*

੯. ਇਕ ਉਦਾਹਰਣ ਦੇਕੇ ਦੱਸੋ ਕਿ ਤੁਸੀਂ ਕਿਸ ਤਰਾਂ ਆਪਣੀ ਕਮਿਊਨਿਟੀ ਵਿਚ ਭਾਗ ਲੈਕੇ ਜ਼ਿਮੇਵਾਰ ਹੋਣ ਦਾ ਸਬੂਤ ਦੇ ਸਕਦੇ ਹੋ?
*ਉੱਤਰ: ਕਮਿਊਨਿਟੀ ਲਈ ਵਾਲੰਟੀਅਰ ਬਣਕੇ, ਮਿਊਨਿਸੀਪਲਟੀ ਦੀ ਚੋਣ ਲੜਕੇ ।*

੧੦. ਕੈਨੇਡੀਅਨ ਸ਼ਹਿਰੀ ਦੇ ੪ ਹੱਕ ਦੱਸੋ?
ਉੱਤਰ: *੧. ਵੋਟ ਦਾ ਹੱਕ. ੨. ਵੋਟਾਂ ਵਿਚ ਖੜ੍ਹੇ ਹੋਣ ਦਾ ਹੱਕ. ੩. ਕੈਨੇਡੀਅਨ ਪਾਸਪੋਰਟ ਲੈਣ ਦਾ ਹੱਕ. ੪. ਜਾਇਦਾਦ ਲੈਣ ਦਾ ਹੱਕ ।*

੧੧. ਸਿਟੀਜ਼ਨਸ਼ਿਪ ਦੀ ਸੌਂਹ ਚੁਕਣ ਵੇਲੇ ਤੁਸੀਂ ਕੀ ਵਾਇਦਾ ਕਰਦੇ ਹੋ?
*ਉੱਤਰ: ੧. ਕੈਨੇਡਾ ਦੀ ਰਾਣੀ ਐਲਿਜ਼ਬੈਥ ਦਾ ਵਫਾਦਾਰ ਰਹਾਂਗਾ ੨. ਕੈਨੇਡਾ ਦਾ ਕਾਨੂੰਨ ਮੰਨਾਂਗਾ. ੩. ਕੈਨੇਡੀਅਨ ਸਿਟੀਜ਼ਨ ਦੀਆਂ ਜ਼ਿਮੇਵਾਰੀਆਂ ਨਿਭਾਵਾਂਗਾ ।*

## ਭਾਸ਼ਾਵਾਂ

੧ ਕੈਨੇਡਾ ਦੀਆਂ ਦੋ ਸਰਕਾਰੀ ਭਾਸ਼ਾਵਾਂ ਕਿਹੜੀਆਂ ਹਨ?
*ਉੱਤਰ: ਇੰਗਲਿਸ਼ ਅਤੇ ਫਰੈਂਚ।*

੨ ਇਕ ਉਦਾਹਰਣ ਦੇਕੇ ਦੱਸੋ ਕਿ ਕੈਨੇਡਾ ਵਿਚ ਇੰਗਲਿਸ਼ ਅਤੇ ਫਰੈਂਚ ਨੂੰ ਕਿਸ ਥਾਂਓਂ ਤੇ ਇਕੋ ਦਰਜਾ ਦਿਤਾ ਜਾਂਦਾ ਹੈ?
*ਉੱਤਰ: ਕੈਨੇਡਾ ਦੀ ਪਾਰਲੀਮੈਂਟ ਵਿਚ, ਕੇਂਦਰੀ ਕਚਿਹਰੀਆਂ ਅਤੇ ਕੇਂਦਰੀ ਅਦਾਰਿਆਂ ਵਿਚ ।*

੩ ਫਰੈਂਚ ਬੋਲਣ ਵਾਲੇ ਬਹੁਤੇ ਲੋਕ ਕਿੱਥੇ ਵੱਸਦੇ ਹਨ?
*ਉੱਤਰ: ਕਿਊਬੈਕ ਵਿਚ ।*

੪ ਕਿਸ ਸੂਬੇ ਵਿਚ ਬਹੁਤੇ ਦੋਭਾਸ਼ੀ ਕੈਨੇਡੀਅਨ ਰਹਿੰਦੇ ਹਨ?
ਉੱਤਰ: *ਕਿਊਬੈਕ ਵਿਚ।*

੫ ਕਿਹੜਾ ਸੂਬਾ ਸਰਕਾਰੀ ਤੌਰ ਤੇ ਦੋਭਾਸ਼ੀ ਸੂਬਾ ਹੈ?
*ਉੱਤਰ: ਨਿਊ ਬ੍ਰਨਜ਼ਵਿਕ ।*

## ਚਿਨ੍ਹ

੧. ਕੈਨੇਡਾ ਦਾ ਝੰਡਾ ਕਿਸ ਤਰਾਂ ਦਾ ਦਿਖਦਾ ਹੈ?
*ਉੱਤਰ: ਇਸ ਦੇ ਪਾਸਿਆਂ ਤੇ ਦੋ ਲਾਲ ਪੱਟੀਆਂ ਹਨ ਜਿਨ੍ਹਾਂ ਦੇ ਵਿਚਕਾਰ, ਸਫੇਦ ਪਿਛੋਕੜ ਉਤੇ ਲਾਲ ਰੰਗ ਦਾ ਮੈਪਲ ਦਾ ਪੱਤਾ ਹੈ।*

੨. ਕੈਨੇਡਾ ਦਾ ਰਾਸ਼ਟਰ ਗੀਤ ਕੀ ਹੈ?
*ਉੱਤਰ: ਓ ਕੈਨੇਡਾ ।*

੩. ਕੈਨਿਡਾ ਦੇ ਰਾਸ਼ਟਰ ਗੀਤ ਦੀਆਂ ੨ ਲਾਈਨਾ ਸੁਣਾਓ?
*ਉੱਤਰ:* ਓ ਕੈਨੇਡਾ! *ਆਵਰ ਹੋਮ ਐਂਡ ਨੇਟਿਵ ਲੈਂਡ! ਟਰੂ ਪੈਟਰੀਓਟ ਲੱਵ ਇਨ ਆੱਲ ਦਾਈ ਸਨਜ਼ ਕਮਾਂਡ ।*

੪. 'ਕੈਨੇਡਾ' ਨਾਓਂ ਕਿਥੋਂ ਪਿਆ?
*ਉੱਤਰ: ਫ਼ੁਰਸਟ ਨੇਸ਼ਨ ਵਾਲਿਆਂ ਦਾ ਇਕ ਅੱਖਰ ਹੈ 'ਕੈਨਾਟਾ' ਜਿਸ ਦਾ ਅਰਥ ਹੈ ਪਿੰਡ ਦੀ ਵਿਵਸਥਾ ।*

੫. ਕੈਨੇਡਾ ਦਾ ਰਾਸ਼ਟਰੀ ਜਾਨਵਰ ਕਿਹੜਾ ਹੈ?
*ਉੱਤਰ: ਬੀਵਰ ।*

੬. ਪਾਰਲੀਮੈਂਟ ਦੀ ਇਮਾਰਤ ਦੇ ਮੱਧ ਵਿਚ ਖੜ੍ਹੇ ਟਾਵਰ ਨੂੰ ਕੀ ਕਹਿੰਦੇ ਹਨ?
*ਉੱਤਰ: ਪੀਸ ਟਾਵਰ*

## ਜੁਗਰਾਫੀਆ

੧. ਕੈਨੇਡਾ ਦੀ ਅਬਾਦੀ ਕਿਨ੍ਹੀ ਹੈ?
*ਉੱਤਰ: ਤਕਰੀਬਨ ੩੧ ਮਿਲੀਅਨ (੨੦੦੧ ਦੇ ਸੈਂਸਜ਼ ਦੇ ਮੁਤਾਬਕ) ।*

੨. ਕੈਨੇਡਾ ਦੇ ਦਵਾਲੇ ਕਿਹੜੇ ੩ ਸਮੁੰਦਰ ਹਨ?
*ਉੱਤਰ: ਪੈਸਿਫਿਕ, ਐਟਲਾਂਟਿਕ, ਆਰਕਟਿਕ ।*

੩. ਕੈਨੇਡਾ ਦੀ ਰਾਜਧਾਨੀ ਕਿਹੜੀ ਹੈ?
*ਉੱਤਰ: ਓਟਵਾ ।*

੪. ਸਾਰੇ ਸੂਬਿਆਂ, ਟੇਰਿਟੋਰੀਜ਼ ਅਤੇ ਉਨ੍ਹਾਂ ਦੀਆਂ ਰਾਜਧਾਨੀਆਂ ਦੇ ਨਾਓਂ ਦੱਸੋ?
*ਉੱਤਰ: ਨਿਊਫੰਡਲੈਂਡ - ਸੇਂਟ ਜੋਨਜ਼, ਪਰਿੰਸ ਐਡਵਰਡ ਆਈਲੈਂਡ - ਸ਼ਾਰਲੈਟਟਾਊਨ, ਨੋਵਾ ਸਕੋਸ਼ੀਆ - ਹੈਲੀਫੈਕਸ, ਨਿਊ ਬ੍ਰਨਜ਼ਵਿਕ - ਫਰੈਡਰਿਕਟਨ, ਕਿਊਬੈਕ - ਕਿਊਬੈਕ ਸਿਟੀ, ਓਂਟੇਰੀਓ - ਟੋਰਾਂਟੋ, ਮੈਨੀਟੋਬਾ - ਵਿਨੀਪੈਗ, ਸਾਸਕੈਚਵਾਨ - ਰਜਾਈਨਾ, ਅਲਬਰਟਾ - ਐਡਮਿੰਟਨ, ਬਰਿਟਿਸ਼ ਕੋਲੰਬੀਆ - ਵਿਕਟੋਰੀਆ, ਨਾਰਥ ਵੈਸਟ* ਟੇਰਿਟੋਰੀਜ਼ - *ਯੈਲੋਨਾਈਫ, ਨੂਨਾਵੱਟ - ਇਕਿਆਲੁਇਟ ।*

੫. ਕੈਨੇਡਾ ਦੇ ੫ ਰੀਜਨ ਕਿਹੜੇ ਹਨ?
*ਉੱਤਰ: ੧. ਐਟਲਾਂਟਿਕ ੨. ਸੈਂਟਰਲ ੩. ਪ੍ਰੇਅਰੀ ੪. ਵੈਸਟ ਕੋਸਟ ੫. ਨਾਰਥ*

੬. ਕਿਹੜਾ ਰੀਜਨ ਕੈਨੇਡਾ ਦੇ ੧/੩ ਭਾਗ ਤੋਂ ਵੀ ਵੱਡਾ ਹੈ?
*ਉੱਤਰ: ਨਾਰਥ।*

੭. ਕਿਸ ਰੀਜਨ ਵਿਚ ਕੈਨੇਡਾ ਦੀ ਅੱਧੀ ਨਾਲੋਂ ਵੱਧ ਅਬਾਦੀ ਵੱਸਦੀ ਹੈ?
*ਉੱਤਰ: ਸੈਂਟਰਲ ਕੈਨੇਡਾ ਵਿਚ (ਓਂਟੇਰੀਓ, ਕਿਊਬੈਕ)*

੮. ਕਿਸ ਸੂਬੇ ਵਿਚ ਕੈਨੇਡਾ ਦੇ ੧/੩ ਹਿੱਸਾ ਲੋਕ ਰਹਿੰਦੇ ਹਨ?
*ਉੱਤਰ: ਓਂਟੇਰੀਓ ।*

੯. ਕੈਨੇਡੀਅਨ ਰਾਕੀਜ਼ ਕਿੱਥੇ ਹਨ?
*ਉੱਤਰ: ਬਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਿਚ ।*

੧੦. ਗਰੇਟ ਝੀਲਾਂ ਕਿੱਥੇ ਹਨ?
*ਉੱਤਰ: ਸੈਂਟਰਲ ਕੈਨੇਡਾ ਵਿਚ, ਕੈਨੇਡਾ ਅਤੇ ਯੂਨਾਈਟਡ ਸਟੇਟਸ ਦੇ ਵਿਚਕਾਰ ।*

੧੧. ਪਹਾੜਾਂ ਦੀ ਕਿਹੜੀ ਲੜੀ ਅਲਬਰਟਾ ਅਤੇ ਬਰਿਟਿਸ਼ ਕੋਲੰਬੀਆ ਵਿਚਕਾਰ ਸੀਮਾ ਬਣਾਉਂਦੀ ਹੈ?
*ਉੱਤਰ: ਰਾਕੀ ਮਾਉਂਟੇਨਜ਼ ।*

੧੨. ਪਾਰਲੀਮੈਂਟ ਦੀ ਇਮਾਰਤ ਕਿੱਥੇ ਹੈ?
*ਉੱਤਰ: ਓਟਵਾ ਵਿਚ।*

੧੩. ਕੈਨੇਡਾ ਦਾ ਦੱਖਣ ਵਿਚ ਕਿਹੜਾ ਦੇਸ਼ ਹੈ?
*ਉੱਤਰ: ਯੂਨਾਈਟਿਡ ਸਟੇਟਸ ।*

੧੪. ਪ੍ਰੇਅਰੀ ਸੂਬੇ ਕਿਹੜੇ ਹਨ?
*ਉੱਤਰ: ਅਲਬਰਟਾ, ਸਾਸਕੈਚਵਾਨ ਅਤੇ ਮੈਨੀਟੋਬਾ।*

੧੫. ਕੈਨੇਡਾ ਦਾ ਸੱਭ ਤੋਂ ਛੋਟਾ ਸੂਬਾ ਕਿਹੜਾ ਹੈ?
*ਉੱਤਰ: ਪਰਿੰਸ ਐਡਵਰਡ ਆਈਲੈਂਡ ।*

੧੬. ਕਿਊਬੈਕ ਦਾ ਵੱਡਾ ਦਰਿਆ ਕਿਹੜਾ ਹੈ?
*ਉੱਤਰ: ਸੇਂਟ ਲਾੱਰੈਂਸ ਦਰਿਆ ।*

੧੭. ਨੂਨਾਵੱਟ ਟੇਰਿਟੋਰੀ ਕਿਸ ਤਰੀਕ ਨੂੰ ਬਣੀ ਸੀ ?
*ਉੱਤਰ: ਅਪ੍ਰੈਲ ੦੧, ੧੯੯੯ ਨੂੰ ਬਣੀ ਸੀ॥*

## ਅਰਥ ਵਿਵਸਥਾ

੧. ਕੈਨੇਡਾ ਵਿਚ ੩ ਪ੍ਰਕਾਰ ਦੀਆਂ ਮੁੱਖ ਸੰਨਤਾਂ ਕੀ ਹਨ ?
*ਉੱਤਰ: ਕੁਦਰਤੀ ਸੋਮੇ, ਉਦਯੋਗ ਅਤੇ ਨੌਕਰੀ ।*

੨. ਕੈਨੇਡਾ ਵਿਚ ਬਹੁਤੇ ਲੋਕ ਕਿਸ ਸੰਨਤ ਵਿਚ ਕੰਮ ਕਰਦੇ ਹਨ?
*ਉੱਤਰ: ਨੌਕਰੀ, ਯਾਤਾਯਾਤ, ਸਿਖਿਆ ਅਤੇ ਸਿਹਤ ਸੰਭਾਲ।*

੩. ਕਿਹੜਾ ਦੇਸ਼ ਕੈਨੇਡਾ ਦਾ ਸੱਭ ਤੋਂ ਵੱਡਾ ਵਪਾਰਕ ਹਿੱਸੇਦਾਰ ਹੈ?
*ਉੱਤਰ: ਯੁਨਾਈਟਡ ਸਟੇਟਸ।*

੪. ਕੈਨੇਡਾ ਦੇ ਕਿਸ ਰੀਜਨ ਨੂੰ ਇੰਡਸਟਰੀ ਅਤੇ ਉਦਯੋਗ ਦਾ ਕੇਂਦਰ ਬਿੰਦੂ ਕਿਹਾ ਜਾਂਦਾ ਹੈ?
*ਉੱਤਰ: ਸੈਂਟਰਲ ਕੈਨੇਡਾ।*

੫. ਕੈਨੇਡਾ ਦਾ ਕਿਹੜਾ ਰੀਜਨ ਉਪਜਾਊ ਜ਼ਮੀਨ ਅਤੇ ਸ਼ਕਤੀ ਦੇ ਕੀਮਤੀ ਸੋਮਿਆਂ ਲਈ ਮਸ਼ਹੂਰ ਹੈ ?
*ਉੱਤਰ: ਪ੍ਰੇਅਰੀ ਸੂਬੇ।*

## ਕੇਂਦਰੀ ਸਰਕਾਰ

੧. ਕੈਨੇਡਾ ਦਾ ਹੈੱਡ ਆੱਫ ਸਟੇਟ ਕੌਣ ਹੈ?
*ਉੱਤਰ: ਰਾਣੀ ਐਲਜ਼ਬੈੱਥ ੀੀ*

੨. ਕੈਨੇਡਾ ਵਿਚ ਰਾਣੀ ਦਾ ਮੁਖਤਿਆਰ ਕੌਣ ਹੈ?
*ਉੱਤਰ: ਗਵਰਨਰ ਜਨਰਲ।*

੩. ਗਵਰਨਰ ਜਨਰਲ ਦਾ ਨਾਓਂ ਕੀ ਹੈ?
*ਉੱਤਰ: ਸਿਟਜ਼ਿਨਸ਼ਿਪ ਗਾਈਡ ਵੇਖੋ।*

੪. ਸੂਬਿਆਂ ਵਿਚ ਰਾਣੀ ਦੇ ਮੁਖਤਿਆਰ ਨੂੰ ਕੀ ਕਹਿੰਦੇ ਹਨ?
*ਉੱਤਰ: ਸੂਬਿਆਂ ਵਿਚ- ਲੈਫਟੈਨਿੰਟ ਗਵਰਨਰ ਅਤੇ ਟੇਰਿਟੋਰੀਜ਼ ਵਿਚ - ਕਮਿਸ਼ਨਰ।*

੫. ਕੈਨੇਡਾ ਵਿਚ ਕਿਸ ਪ੍ਰਕਾਰ ਦੀ ਸਰਕਾਰ ਹੈ?
*ਉੱਤਰ: ਪਾਰਲੀਮੈਂਟਰੀ ਲੋਕਤੰਤਰ।*

੬. ਪਾਰਲੀਮੈਂਟ ਦੇ ੩ ਹਿੱਸੇ ਕਿਹੜੇ ਕਿਹੜੇ ਹਨ?
*ਉੱਤਰ: ੧. ਰਾਣੀ, ੨. ਹਾਊਸ ਆੱਫ ਕਾਮਨਜ਼, ੩. ਸੈਨਿਟ*

੭. ਦੱਸੋ ਕਿ ਸਰਕਾਰ ਦੇ ਤਿੰਨ ਪੱਧਰ ਕਿਸ ਤਰਾਂ ਨਾਲ ਵੱਖ ਵੱਖ ਹਨ?
*ਉੱਤਰ:*
*੧. ਫੈਡਰਲ ਸਰਕਾਰ: ਇਸ ਸਰਕਾਰ ਕੋਲ ਸਾਰੇ ਕੈਨੇਡਾ ਨਾਲ ਸੰਬੰਧਤ ਕੰਮਾਂ ਦੀਆਂ ਜ਼ਿਮੇਵਾਰੀਆਂ ਹਨ।*
*੨. ਪ੍ਰੋਵਿੰਸ਼ਿਲ: ਸੂਬਾ ਵਾਸੀਆਂ ਦੀਆਂ ਲੋੜਾਂ, ਜਿਵੇਂ ਕਿ ਸਿਖਿਆ, ਸਿਹਤ ਦੀ ਦੇਖਭਾਲ, ਅਤੇ ਹਾਈਵੇਅ ਆਦਿ ਦਾ ਧਿਆਨ ਰੱਖਦੀ ਹੈ।*
*੩. ਮਿਊਨਿਸੀਪਲ: ਸਥਾਨਕ ਮਾਮਲਿਆਂ, ਜਿਵੇਂ ਕਿ ਅੱਗ ਬੁਝਾਉਣਾ, ਬਰਫ ਹਟਾਉਣੀ ਅਤੇ ਰੀਸਾਈਕਲ ਆਦਿ ਲਈ ਜ਼ਿਮੇਵਾਰ ਹੈ ।*

੮. ਕਿਸੇ ਕਾਨੂੰਨ ਨੂੰ ਪਾਸ ਹੋਣ ਤੋਂ ਪਹਿਲਾਂ ਕੀ ਕਹਿੰਦੇ ਹਨ?
*ਉੱਤਰ: ਬਿੱਲ*

੯. ਪਾਰਲੀਮੈਂਟ ਦੇ ਮੈਂਬਰ ਕਿਵੇਂ ਚੁਣੇ ਜਾਂਦੇ ਹਨ?
*ਉੱਤਰ: ਕੈਨੇਡੀਅਨ ਸ਼ਹਿਰੀ ਰਲਕੇ ਉਨ੍ਹਾਂ ਨੂੰ ਹਾਊਸ ਆਫ ਕਾਮਨਜ਼ ਲਈ ਚੁਣਦੇ ਹਨ।*

੧੦. ਪਾਰਲੀਮੈਂਟ ਦੇ ਮੈਂਬਰ ਕਿਸ ਲਈ ਕੰਮ ਕਰਦੇ ਹਨ?
*ਉੱਤਰ: ਉਨ੍ਹਾਂ ਦੇ ਚੋਣ ਇਲਾਕੇ ਵਿਚ ਰਹਿਣ ਵਾਲੇ ਹਰ ਵਿਅਕਤੀ ਲਈ ਓਹ ਕੰਮ ਕਰਦੇ ਹਨ।*

੧੧. ਕੋਈ ਬਿੱਲ ਕਾਨੂੰਨ ਕਿਵੇਂ ਬਣਦਾ ਹੈ?
*ਉੱਤਰ: ਬਿੱਲ ਨੂੰ ਕਾਨੂੰਨ ਬਨਣ ਲਈ ਹਰ ਹਾਲਤ ਵਿਚ, ਹਾਊਸ ਆੱਫ ਕਾਮਨਜ਼ ਅਤੇ ਸੈਨਿਟ, ਦੋਨਾਂ ਸਦਨਾ ਵਿਚੋਂ ਪਾਸ ਹੋਣਾ ਪੈਂਦਾ ਹੈ।*

੧੨. ਕੈਨੇਡਾ ਵਿਚ ਸਰਕਾਰ ਦੇ ਤਿੰਨ ਪੱਧਰ ਕਿਹੜੇ ਹਨ?
*ਉੱਤਰ: ੧. ਫੈਡਰਲ ੨. ਪ੍ਰੋਵਿੰਸ਼ਿਲ ੩. ਮਿਊਨਿਸੀਪਲ*

੧੩. ਸਰਕਾਰ ਦੇ ਹਰ ਪੱਧਰ ਦੀਆਂ ਦੋ ਜ਼ਿਮੇਵਾਰੀਆਂ ਦੱਸੋ?
*ਉੱਤਰ:*
*ਫੈਡਰਲ: ਦੇਸ਼ ਦੀ ਰੱਖਿਆ, ਵਿਦੇਸ਼ੀ ਯੋਜਨਾ*
*ਪ੍ਰੋਵਿੰਸ਼ਿਲ: ਸਿੱਖਿਆ, ਸਿਹਤ ਸੰਭਾਲ*
*ਮਿਊਨਿਸੀਪਲ: ਪੁਲਿਸ, ਅੱਗ ਬੁਝਾਉਣਾ, ਸ਼ਹਿਰ ਦੀਆਂ ਗਲੀਆਂ ਅਤੇ ਪਾਰਕ।*

੧੪. ਸਾਰੇ ਕੈਨੇਡਾ ਦੀ ਸਰਕਾਰ ਦਾ ਕੀ ਨਾਓਂ ਹੈ?
*ਉੱਤਰ: ਫੈਡਰਲ ਸਰਕਾਰ।*

## ਫੈਡਰਲ ਚੋਣਾਂ

੧. ਕੈਨੇਡਾ ਵਿਚ ਚੋਣ ਹਲਕੇ ਕਿਨ੍ਹੇ ਹਨ?
*ਉੱਤਰ: ਸਿਟੀਜ਼ਨਸ਼ਿਪ ਗਾਈਡ ਵੇਖੋ।*

੨. ਤੁਸੀਂ ਕਿਹੜੇ ਚੋਣ ਹਲਕੇ ਵਿਚ ਰਹਿੰਦੇ ਹੋ?
*ਉੱਤਰ: ਸਿਟੀਜ਼ਨਸ਼ਿਪ ਗਾਈਡ ਵੇਖੋ।*

੩. ਫੈਡਰਲ ਚੋਣਾਂ ਵਿਚ ਵੋਟ ਪਾਉਣ ਦਾ ਹੱਕ ਕਿਸ ਨੂੰ ਹੈ?
*ਉੱਤਰ: ੧੮ ਸਾਲ ਦੀ ਉਮਰ ਤੋਂ ਵੱਡੇ ਸਿਟੀਜ਼ਨ ਨੂੰ।*

੪. ਫੈਡਰਲ ਚੋਣਾਂ ਵਿਚ ਵੋਟ ਪਾਉਣ ਦੇ ਹੱਕਦਾਰ ਬਨਣ ਲਈ ਕਿਹੜੀਆਂ ਤਿੰਨ ਚੀਜ਼ਾਂ ਲਾਜ਼ਮੀ ਹਨ?
*ਉੱਤਰ: ੧. ਕੈਨੇਡੀਅਨ ਸਿਟੀਜ਼ਨ ਹੋਵੇ. ੨. ਘੱਟ ਤੋਂ ਘੱਟ ੧੮ ਸਾਲ ਦਾ ਹੋਵੇ.*
*੪. ਕੈਨੇਡਾ ਦਾ ਵਾਸੀ ਹੋਵੇ ਜਾਂ ਕੈਨਡਾ ਤੋਂ ਬਾਹਰ ਰਹਿੰਦਿਆਂ ੫ ਸਾਲ ਨਾ ਹੋਏ ਹੋਣ।*

੫. ਫੈਡਰਲ ਵੋਟ (ਬੈਲੱਟ) ਉੱਪਰ ਕੀ ਲਿਖਿਆ ਹੂੰਦਾ ਹੈ?
*ਉੱਤਰ: ਤੁਹਾਡੇ ਚੋਣ ਹਲਕੇ ਵਿਚ ਖੜ੍ਹੇ ਹੋਏ ਸਾਰੇ ਉਮੀਦਵਾਰਾਂ ਦੇ ਨਾਓਂ।*

੬. ਵੋਟ ਵਾਲੇ ਕਾ.ਗਜ਼ (ਬੈਲੱਟ) ਤੇ ਤੁਸੀਂ ਕੀ ਨਿਸ਼ਾਨ ਲਗਾਉਂਦੇ ਹੋ?
*ਉੱਤਰ: ✗*

੭. ਵੋਟਾਂ ਪੈਣ ਤੋਂ ਬਾਅਦ ਸਰਕਾਰ ਕਿਸ ਤਰਾਂ ਬਣਦੀ ਹੈ?
*ਉੱਤਰ: ਜਿਸ ਪਾਰਟੀ ਦੇ ਬਹੁਤੇ ਉਮੀਦਵਾਰ ਚੁਣੇ ਗਏ ਹੋਣ ਓਹ ਪਾਰਟੀ ਸਰਕਾਰ ਬਣਾਉਂਦੀ ਹੈ।*

੮. ਪ੍ਰਾਈਮਿਨਸਟਰ ਕਿਸ ਤਰਾਂ ਚੁਣਿਆ ਜਾਂਦਾ ਹੈ?
*ਉੱਤਰ: ਬਹੁ ਗਿਣਤੀ ਪਾਰਟੀ ਦਾ ਨੇਤਾ ਪ੍ਰਾਈਮਿਨਸਟਰ ਬਣਦਾ ਹੈ।*

੯. ਸੰਵਿਧਾਨ ਮੁਤਾਬਕ ਵੋਟਾਂ ਕਿਨ੍ਹੇ ਸਾਲਾਂ ਬਾਅਦ ਪੈਣੀਆਂ ਚਾਹੀਦੀਆਂ ਹਨ?
*ਉੱਤਰ: ਪਿਛਲੀਆਂ ਵੋਟਾਂ ਪੈਣ ਦੇ ੫ ਸਾਲ ਦੇ ਵਿਚ*

੧੦. ਹਾਊਸ ਆੱਫ ਕਾਮਨਜ਼ ਵਿਚ ਫੈਡਰਲ ਰਾਜਨੈਤਿਕ ਪਾਰਟੀਆਂ ਕਿਹੜੀਆਂ ਹਨ ਅਤੇ ਉਨਾ ਦੇ ਨੇਤੇ ਕੌਣ ਹਨ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੧੧. ਸਰਕਾਰੀ ਤੌਰ ਤੇ ਵਿਰੋਧੀ ਪਾਰਟੀ ਕਿਸ ਤਰਾਂ ਬਣਦੀ ਹੈ?
*ਉੱਤਰ: ਜਿਸ ਵਿਰੋਧੀ ਪਾਰਟੀ ਦੇ ਬਹੁਤੇ ਉਮੀਦਵਾਰ ਚੁਣੇ ਜਾਕੇ ਪਾਰਲੀਮੈਂਟ ਵਿਚ ਪਹੁੰਚੇ ਹੋਣ।*

੧੨. ਵਿਰੋਧੀ ਪਾਰਟੀ ਦਾ ਕੀ ਕਿਰਦਾਰ ਹੈ?
*ਉੱਤਰ: ਵਿਰੋਧ ਕਰਨਾ ਜਾਂ ਸਰਕਾਰ ਦੇ ਸੁਝਾਵਾਂ ਵਿਚ ਸੁਧਾਰ ਕਰਨ ਦੀ ਕੋਸ਼ਿਸ਼ ਕਰਨਾ।*

੧੩. ਫੈਡਰਲ ਪੱਧਰ ਤੇ ਵਿਰੋਧੀ ਪਾਰਟੀ ਕਿਹੜੀ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੧੪. ਕੈਨੇਡਾ ਦੇ ਪ੍ਰਾਈਮਿਨਸਟਰ ਅਤੇ ਉਸ ਦੀ ਪਾਰਟੀ ਦਾ ਨਾਓਂ ਦੱਸੋ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੧੫. ਤੁਹਾਡੇ ਇਲਾਕੇ ਦੇ ਪਾਰਲੀਮੈਂਟ ਸਦੱਸ ਅਤੇ ਉਸ ਦੀ ਪਾਰਟੀ ਦਾ ਨਾਓਂ ਦੱਸੋ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੧੬. ਵੋਟਰ ਇਨਫੋਰਮੇਸ਼ੰਨ ਕਾਰਡ ਕੀ ਹੈ?
*ਉੱਤਰ: ਇਸ ਗੱਲ ਦੀ ਤਸਦੀਕ ਕਿ ਤੁਹਾਡਾ ਨਾਓਂ ਨੈਸ਼ਨਲ ਰਜਿਸਟਰ ਆੱਫ ਇਲੈਕਟਰਜ਼ ਵਿਚ*

*ਦਰਜ ਹੈ। ਇਹ ਕਾਰਡ ਇਹ ਵੀ ਦਰਸਾਉਂਦਾ ਹੈ ਕਿ ਤੁਸੀਂ ਕਦੋਂ ਅਤੇ ਕਿੱਥੇ ਜਾਕੇ ਵੋਟ ਪਾਉਣੀ ਹੈ।*

੧੭. ਫੈਡਰਲ ਵੋਟਾਂ ਵਿਚ ਕੌਣ ਖੜ੍ਹਾ ਹੋ ਸਕਦਾ ਹੈ?
*ਉੱਤਰ: ਘੱਟ ਤੋਂ ਘੱਟ ੧੮ ਸਾਲ ਦਾ ਕੈਨੇਡੀਅਨ ਸਿਟੀਜ਼ਨ।*

੧੮. ਫੈਡਰਲ ਚੋਣਾਂ ਵੇਲੇ ਕੈਨੇਡੀਅਨ ਸਿਟੀਜ਼ਨ ਕਿਸ ਨੂੰ ਵੋਟ ਪਾਉਂਦੇ ਹਨ?
*ਉੱਤਰ: ਉਨ੍ਹਾਂ ਲੋਕਾਂ ਨੂੰ ਵੋਟ ਪਾਉਂਦੇ ਹਨ ਜੋ ਪਾਰਲੀਮੈਂਟ ਵਿਚ ਉਨ੍ਹਾਂ ਦੀ ਪ੍ਰਤੀਨਿਧਿਤਾ ਕਰਨ।*

੧੯. ਰਾਜਨਿਤਕ ਪਾਰਟੀਆਂ ਦਾ ਕੀ ਕਿਰਦਾਰ ਹੈ?
*ਉੱਤਰ: ਸਰਕਾਰ ਦੇ ਕੰਮ ਕਰਨ ਦੇ ਢੰਗ ਬਾਰੇ ਆਪਣੇ ਵਿਚਾਰ ਸਾਂਝੇ ਕਰਨੇ। ਪਾਰਟੀ ਦਾ ਕੰਮ ਕਰਨ ਦਾ ਢੰਗ ਨਿਰਧਾਰਤ ਕਰਨਾ ਅਤੇ ਪਾਰਟੀ ਦਾ ਨੇਤਾ ਚੁਨਣਾ।*

੨੦. ਇਸ ਵੇਲੇ ਕਿਹੜੀ ਰਾਜਨਿਤਿਕ ਪਾਰਟੀ ਸੱਤਾ ਵਿਚ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੨੧. ਸੈਨਿਟੱਰ ਕਿਸ ਤਰਾਂ ਚੁਣੇ ਜਾਂਦੇ ਹਨ?
*ਉੱਤਰ: ਪ੍ਰਾਈਮਿਨਸਟਰ ਉਨ੍ਹਾਂ ਨੂੰ ਚੁਣਦਾ ਹੈ ਅਤੇ ਗਵਰਨਰ ਜਨਰਲ ਪ੍ਰਵਾਨਗੀ ਦਿੰਦਾ ਹੈ।*

੨੨. ਜੇਕਰ ਵੋਟਰ ਇਨਫੋਰਮੇਸ਼ੰਨ ਕਾਰਡ, ਜਿਸ ਵਿਚ ਦੱਸਿਆ ਹੁੰਦਾ ਹੈ ਕਿ ਤੁਸੀਂ ਕਦੋਂ ਅਤੇ ਕਿੱਥੇ ਵੋਟ ਪਾਉਣੀ ਹੈ, ਤੁਹਾਨੂੰ ਨਾ ਆਇਆ ਹੋਵੇ ਤਾਂ ਤੁਸੀਂ ਕੀ ਕਰੋਗੇ?
*ਉੱਤਰ: ਤੁਹਾਡਾ ਨਾਓਂ ਵੋਟਾਂ ਵਾਲੇ ਦਿਨ ਵੀ ਵੋਟਰ ਸੂਚੀ ਵਿਚ ਦਰਜ ਕੀਤਾ ਜਾ ਸਕਦਾ ਹੈ। ਸਿਟੀਜ਼ਨਸ਼ਿੱਪ ਗਾਈਡ ਵੇਖੋ।*

੨੩. ਫੈਡਰਲ ਚੋਣਾਂ ਤੋਂ ਬਾਦ ਕਿਹੜੀ ਪਾਰਟੀ ਨਵੀਂ ਸਰਕਾਰ ਬਣਾਉਂਦੀ ਹੈ?
*ਉੱਤਰ: ਜਿਸ ਪਾਰਟੀ ਦੇ ਬਹੁਤੇ ਉਮੀਦਵਾਰ ਜਿੱਤੇ ਹੋਣ ਉਹੀ ਪਾਰਟੀ ਸੱਤਾ ਵਿਚ ਆਉਂਦੀ ਹੈ ਅਤੇ ਨਵੀਂ ਸਰਕਾਰ ਬਣਾਉਂਦੀ ਹੈ।*

## ਸੈਕਸ਼ਨ ੨: ਇਲਾਕੇ ਬਾਰੇ ਪ੍ਰਸ਼ਨ

੧. ਜਿਸ ਸੂਬੇ ਜਾਂ ਟੇਰਿਟੋਰੀ ਵਿਚ ਤੁਸੀਂ ਰਹਿੰਦੇ ਹੋ ਉਸ ਦੀ ਰਾਜਧਾਨੀ ਕਿਹੜੀ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੨. ਤੁਹਾਡੇ ਇਲਾਕੇ ਦੀ ਅਰਥ ਵਿਵਸਥਾ ਉਤੇ ਅਸਰ ਪਾਉਣ ਵਾਲੇ ਤਿੰਨ ਕੁਦਰਤੀ ਸੋਮੇ ਦੱਸੋ?
*ਉੱਤਰ: ੧. ਜੰਗਲ ੨. ਖਣਿਜ ਪਦਾਰਥ ੩. ਪਾਣੀ (ਮੱਛੀਆਂ ਪਾਲਣ ਅਤੇ ਬਿਜਲੀ ਪੈਦਾ ਕਰਨ ਲਈ)*

੩. ਤੁਹਾਡੇ ਇਲਾਕੇ ਦਾ ਸਿਟੀ ਕਾਊਂਸਲਰ, ਅਲਡਰਪਰਸਨ, ਰੀਵਜ਼ ਜਾਂ ਪ੍ਰਦੇਸ਼ਕ ਕਾਊਂਸਲਰ ਕੌਣ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੪. ਤੁਹਾਡੇ ਸ਼ਹਿਰ ਦੇ ਮੇਅਰ ਦਾ ਨਾਓਂ ਕੀ ਹੈ?
ਉੱਤਰ: *ਸਿਟੀਜ਼ਨਸ਼ਿੱਪ ਗਾਈਡ ਵੇਖੋ।*

੫. ਤੁਹਾਡੇ ਸੂਬਾਈ ਏਜੈਂਟ (ਲੈਜਿਸਲੇਟਿਵ ਅਸੈਂਬਲੀ), ਸੂਬਾਈ ਪਾਰਲੀਮੈਂਟ, ਨੈਸ਼ਨਲ ਅਸੈਂਬਲੀ ਜਾਂ ਹਾਊਸ ਆੱਫ ਅਸੈਂਬਲੀ ਦੇ ਪ੍ਰਤੀਨਧੀ ਦਾ ਕੀ ਨਾਓਂ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੬. ਤੁਹਾਡੇ ਸੂਬੇ ਜਾਂ ਟੇਰਿਟੋਰੀ ਦੇ ਪ੍ਰੀਮੀਅਰ ਦਾ ਨਾਓਂ ਕੀ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੭. ਤੁਹਾਡੇ ਸੂਬੇ ਜਾਂ ਟੇਰਿਟੋਰੀ ਵਿਚ ਕਿਹੜੀ ਪਾਰਟੀ ਸੱਤਾ ਵਿਚ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੮. ਤੁਹਾਡੇ ਸੂਬੇ ਵਿਚ ਵਿਰੋਧੀ ਪਾਰਟੀ ਦੇ ਨੇਤਾ ਦਾ ਨਾਓਂ ਕੀ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

੯. ਤੁਹਾਡੇ ਸੂਬੇ ਦਾ ਲੈਫਟੈਨਿੰਟ ਗਵਰਨਰ ਜਾਂ ਕਮਿਸ਼ਨਰ ਕੌਣ ਹੈ?
*ਉੱਤਰ: ਸਿਟੀਜ਼ਨਸ਼ਿੱਪ ਗਾਈਡ ਵੇਖੋ।*

ਇਹ ਪ੍ਰਸ਼ਨ ਤੁਹਾਡੀ ਪੜ੍ਹਾਈ ਲਈ ਗਾਈਡ ਦੇ ਤੌਰ ਤੇ ਤਿਆਰ ਕੀਤੇ ਗਏ ਹਨ। ਤੁਹਾਡਾ ਸਿਟੀਜ਼ਨਸ਼ਿੱਪ ਦਾ ਟੈਸਟ ਅਜਿਹੇ ਪ੍ਰਸ਼ਨਾਂ ਉਤੇ ਅਧਾਰਤ ਹੋਵੇਗਾ।